**21 ਨਵੰਬਰ ਨੂੰ ਜਨਮ ਦਿਵਸ 'ਤੇ ਵਿਸ਼ੇਸ਼**

# ਨਾਮਾ ਉਬਰੈ ਹਰਿ ਕੀ ਓਟ

## (ਭਗਤ ਨਾਮਦੇਵ ਜੀ ਦੁਆਰਾ ਮਰੀ ਗਾਂ ਦਾ ਜਿਊਂਦੇ ਹੋਣਾ)


**ਡਾ: ਵਰਿੰਦਰਪਾਲ ਸਿੰਘ**

ਡਾਇਰੈਕਟਰ

ਪ੍ਰਕਾਸ਼ਨ ਡਾਇਰੈਕਟੋਰੇਟ

98882-77222






ਮਹਾਰਾਸ਼ਟਰ ਦੇ ਸਤਾਰਾ ਜ਼ਿਲ੍ਹੇ ਦੇ ਪਿੰਡ ਨਰਸੀ ਬਾਮਨੀ ਵਿਖੇ ਸੰਮਤ 1327 ਨੂੰ ਜਨਮੇ ਭਗਤ ਨਾਮਦੇਵ ਜੀ ਦੀ ਬਾਣੀ ਨੂੰ ਪੰਚਮ ਪਾਤਸ਼ਾਹ ਜੀ ਨੇ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਦਰ ਸਹਿਤ ਸੁਸ਼ੋਭਿਤ ਕੀਤਾ ਹੈ। ਭਗਤ ਜੀ ਦਾ ਜਨਮ ਅਖੌਤੀ ਨੀਵੀਂ ਜਾਤ ਦੇ ਛੀਂਬੇ ਦਾਮ ਸ਼ੇਟੀ ਦੇ ਘਰ ਹੋਇਆ। ਭਗਤ ਜੀ ਨੇ ਦੇਵੀ ਦੇਵਤਿਆਂ ਜਾਂ ਅਵਤਾਰਾਂ ਦੀ ਉਪਾਸ਼ਨਾ ਦੇ ਮਾਰਗ ਨੂੰ ਠੁਕਰਾ ਅਤੇ ਮਨਮਤੀ ਤੇ ਕਰਮਕਾਂਡ ਰੀਤੀ-ਰਿਵਾਜ਼ਾਂ ਨੂੰ ਤਿਆਗ ਕੇ ਇਕ ਪ੍ਰਮਾਤਮਾ ਦਾ ਨਾਮ ਜਪਣ ਦਾ ਉਪਦੇਸ਼ ਦਿੱਤਾ ਹੈ। ਬ੍ਰਾਹਮਣ ਦੀ ਪੱਥਰ ਪੂਜਾ ਦੇ ਪਾਖੰਡ ਦਾ ਪਾਜ ਉਘਾੜਦੇ ਉਹ ਲਿਖਦੇ ਹਨ :-

**ਏਕੈ ਪਾਥਰ ਕੀਜੈ ਭਾਉ॥ ਦੂਜੈ ਪਾਥਰ ਧਰੀਐ ਪਾਉ॥**
**ਜੇ ਓਹੁ ਦੇਉ ਤ ਓਹੁ ਭੀ ਦੇਵਾ॥ ਕਹਿ ਨਾਮਦੇਉ ਹਮ ਹਰਿ ਕੀ ਸੇਵਾ ॥੪॥੧॥**

(ਪੰਨਾ : ੫੨੫)

ਭਾਵ ਪੰਡਤ ਜੀ ! ਇਕ ਪੱਥਰ ਨੂੰ ਪਿਆਰ ਕਰਕੇ ਪੂਜਦੇ ਹੋ ਤੇ ਦੂਸਰੇ ਪੱਥਰ 'ਤੇ ਪੈਰ ਰਖੀ ਖੜ੍ਹੇ ਹੋ। ਜੇ ਇਕ ਪੱਥਰ ਦੇਵਤਾ ਹੈ ਤਾਂ ਦੂਜਾ ਕਿਉਂ ਨਹੀਂ ? ਨਾਮਦੇਵ ਜੀ ਨੇ ਪੱਥਰ ਪੂਜਾ ਦੇ ਇਸ ਢੰਗ ਨੂੰ ਠੁਕਰਾ ਕੇ ਇਕ ਪ੍ਰਮਾਤਮਾ ਦੀ ਸੇਵਾ ਦਾ ਰਾਹ ਅਪਨਾਇਆ ਹੈ। ਭਗਤ ਜੀ ਦਾ ਬ੍ਰਾਹਮਣਵਾਦੀ ਰੀਤੀ ਰਿਵਾਜ਼ਾਂ ਦਾ ਜ਼ੋਰਦਾਰ ਲਫ਼ਜ਼ਾਂ ਵਿੱਚ ਖੰਡਨ ਕਰਨ ਕਾਰਣ ਇਕ ਵਾਰ ਮਹਾਰਾਸ਼ਟਰ ਦੇ ਜ਼ਿਲ੍ਹਾ ਪ੍ਰਬਣੀ ਦੇ ਪਿੰਡ ਔਂਡ ਦੇ ਮੰਦਰ ਵਿੱਚੋਂ ਪੁਜਾਰੀਆਂ ਨੇ ਨਾਮਦੇਵ ਜੀ ਨੂੰ ਧੱਕੇ ਦੇ-ਦੇ ਕੇ ਬਾਹਰ ਕੱਢ ਦਿੱਤਾ। ਭਗਤ ਜੀ ਪ੍ਰਭੂ ਪ੍ਰੇਮ ਵਿਚ ਰੰਗੇ ਮੰਦਰ ਦੇ ਪਿੱਛੇ ਬੈਠ ਕੇ ਭਜਨ-ਬੰਦਗੀ ਵਿੱਚ ਜੁੜ ਗਏ। ਉਨ੍ਹਾਂ ਦੇ ਪਿਆਰ ਦੀ ਖਿੱਚ ਵਿੱਚ ਮੰਦਰ ਦਾ ਦਰਵਾਜ਼ਾ ਹੀ ਘੁੰਮ ਗਿਆ।

**ਹਸਤ ਖੇਲਤ ਤੇਰੇ ਦੇਹੁਰੇ ਆਇਆ॥ ਭਗਤਿ ਕਰਤ ਨਾਮਾ ਪਕਰਿ ਉਠਾਇਆ॥**
**... ... ... ...**
**ਜਿਉ ਜਿਉ ਨਾਮਾ ਹਰਿ ਗੁਣ ਉਚਰੈ॥ ਭਗਤ ਜਨਾਂ ਕਉ ਦੇਹੁਰਾ ਫਿਰੈ॥**

(ਪੰਨਾ : ੧੧੬੪)

ਭਗਤ ਜੀ ਦੇ ਵਿਚਾਰਾਂ ਦੀ ਲੋਕਪ੍ਰੀਅਤਾ ਵੱਧਦੀ ਗਈ। ਬ੍ਰਾਹਮਣਾਂ ਦਾ ਹਲਵਾ ਮਾਂਡਾ ਬੰਦ ਹੋਣ ਲੱਗਿਆ। ਉਹ ਇਹ ਸਭ ਬਰਦਾਸ਼ਤ ਨਾ ਕਰ ਪਾਏ ਅਤੇ ਈਰਖਾ ਦੀ ਅੱਗ ਨੂੰ ਠਾਰਨ ਲਈ ਮੁਹੰਮਦ ਤੁਗਲਕ ਦੇ ਜਾ ਕੰਨ ਭਰੇ, ਕਿ ਨਾਮਦੇਵ ਰਾਮ ਦੇ ਨਾਮ 'ਤੇ ਲੋਕਾਂ ਨੂੰ ਲੁੱਟ ਰਿਹਾ ਹੈ। ਉਸ ਨੂੰ ਕਹੋ ਜੇ ਉਹ ਸੱਚਾ ਰਾਮ ਭਗਤ ਹੈ ਤਾਂ ਮਰੀ ਹੋਈ ਗਾਂ ਜਿਊਂਦੀ ਕਰੇ। ਬਾਦਸ਼ਾਹ ਨੇ ਨਾਮਦੇਵ ਜੀ ਨੂੰ ਗ੍ਰਿਫਤਾਰ ਕਰ ਲਿਆ ਤੇ ਹੁਕਮ ਕੀਤਾ ਕਿ ਨਾਮਦੇਵ ਮਰੀ ਹੋਈ ਗਾਂ ਜਿਊਂਦੀ ਕਰ ਦੇ। ਮੈਂ ਤੇਰੇ ਰਾਮ ਦੇ ਕੰਮ ਵੇਖਣੇ ਚਾਹੁੰਦਾ ਹਾਂ। ਜੇ ਤੂੰ ਗਾਂ ਜਿਊਂਦੀ ਨਾ ਕੀਤੀ ਤਾਂ ਤੇਰੀ ਗਰਦਨ ਲਾਹ ਦਿੱਤੀ ਜਾਵੇਗੀ।

**ਸੁਲਤਾਨੁ ਪੂਛੈ ਸੁਨੁ ਬੇ ਨਾਮਾ॥**
**ਦੇਖਉ ਰਾਮ ਤੁਮ੍ਾਰੇ ਕਾਮਾ॥ ੧॥**
**ਨਾਮਾ ਸੁਲਤਾਨੇ ਬਾਧਿਲਾ॥**
**ਦੇਖਉ ਤੇਰਾ ਹਰਿ ਬੀਠਲਾ॥ ੧॥ ਰਹਾਉ॥**
**ਬਿਸਮਿਲ ਗਊ ਦੇਹੁ ਜੀਵਾਇ॥**
**ਨਾਤਰੁ ਗਰਦਨਿ ਮਾਰਉ ਠਾਂਇ॥ ੨॥**

(ਪੰਨਾ : ੧੧੬੫)

ਨਾਮਦੇਵ ਜੀ ਕਹਿਣ ਲੱਗੇ, ਬਾਦਸ਼ਾਹ ਮਰਿਆ (ਬਿਸਮਲ) ਹੋਇਆ ਕੋਈ ਜਿਊਂਦਾ ਨਹੀਂ ਹੋ ਸਕਦਾ। ਇਹ ਮੇਰੇ ਵੱਸ ਦਾ ਕੰਮ ਨਹੀਂ ਹਾਂ ਜੇ ਪ੍ਰਮਾਤਮਾ ਚਾਹੇ ਤਾਂ ਕਰ ਸਕਦਾ ਹੈ।

**ਬਾਦਿਸਾਹ ਐਸੀ ਕਿਉ ਹੋਇ॥**
**ਬਿਸਮਿਲਿ ਕੀਆ ਨ ਜੀਵੈ ਕੋਇ॥੩॥**
**ਮੇਰਾ ਕੀਆ ਕਛੂ ਨ ਹੋਇ॥**
**ਕਰਿ ਹੈ ਰਾਮੁ ਹੋਇ ਹੈ ਸੋਇ॥੪॥**

(ਪੰਨਾ : ੧੧੬੫)

ਬਾਦਸ਼ਾਹ ਨੂੰ ਅਹੰਕਾਰ ਚੜ੍ਹ ਗਿਆ। ਜ਼ੋਰ ਨਾਲ ਕਿਹਾ, ਨਾਮਦੇਵ ਤੈਨੂੰ ਹਾਥੀ ਹੇਠ ਲਿਤਾੜ ਦਿੱਤਾ ਜਾਵੇਗਾ। ਜੇ ਜਾਨ ਚਾਹੁੰਦਾ ਹੈ ਤਾਂ ਗਾਂ ਜਿਊਂਦੀ ਕਰ ਦੇ, ਨਹੀਂ ਤਾਂ ਰਾਮ-ਰਾਮ ਛੱਡ ਕੇ ਅੱਲਾਹ ਅੱਲਾਹ ਕਰਨ ਲਗ ਪੈ।

**ਬਾਦਿਸ਼ਾਹੁ ਚੜ੍ਹਿਓ ਅਹੰਕਾਰਿ॥**
**ਗਜ ਹਸਤੀ ਦੀਨੋ ਚਮਕਾਰਿ॥੫॥**

(ਪੰਨਾ : ੧੧੬੫)

ਇਸ ਵਕਤ ਨਾਮਦੇਵ ਜੀ ਦੀ ਮਾਤਾ ਗੋਨਾ ਬਾਈ ਵੀ

ਮਾਨੁ ਨ ਕੀਜੈ ਸਰਣਿ ਪਰੀਜੈ ਕਰੈ ਸੁ ਭਲਾ ਮਨਾਈਐ॥ (ਪੰਨਾ ੬੧੨)

ਕੋਲ ਸਨ। ਪੁੱਤਰ ਮੋਹ ਵਿੱਚ ਨਾਮਦੇਵ ਜੀ ਨੂੰ ਸਮਝਾਉਣ ਲੱਗੇ, "ਬੇਟਾ ਤੂੰ ਆਪ ਤਾਂ ਇਹ ਪੜ੍ਹਿਆ ਕਰਦਾ ਹੈਂ, ਅਲਾਹ ਤੂੰ ਰਹੀਮ ਤੂੰ ਰਾਮ ਵੀ ਤੂੰ ਹੈਂ ਤਾਂ ਫਿਰ ਜ਼ਿੱਦ ਕਿਉਂ ਕਰਦਾ ਹੈ। ਰਾਮ-ਰਾਮ ਛੱਡ ਕੇ ਅੱਲਾਹ-ਅੱਲਾਹ ਜਪ ਲੈ, ਤੇਰੀ ਜਾਨ ਤਾਂ ਬਚ ਜਾਵੇਗੀ।"

**ਰੁਦਨੁ ਕਰੈ ਨਾਮੇ ਕੀ ਮਾਇ॥ ਛੋਡਿ ਰਾਮੁ ਕੀ ਨ ਭਜਹਿ ਖੁਦਾਇ॥੬॥**

(ਪੰਨਾ : ੧੧੬੫)

ਨਾਮਦੇਵ ਜੀ ਨੇ ਫੁਰਮਾਇਆ, ਮਾਂ! ਮੈਂ ਤੇਰੇ ਪੁੱਤਰ ਪ੍ਰੇਮ ਤੋਂ ਵਾਕਿਫ਼ ਹਾਂ। ਤੂੰ ਇਸ ਮੋਹ ਵਿਚ ਮੈਨੂੰ ਰਾਮ ਦਾ ਨਾਂ ਜਪਣ ਤੋਂ ਨਾ ਰੋਕ। ਮੈਂ ਤੇਰੀ ਇੱਛਾ ਪੂਰੀ ਨਹੀਂ ਕਰ ਸਕਦਾ। ਇਸ ਲਈ ਕ੍ਰਿਪਾ ਕਰਕੇ ਤੂੰ ਇਹੀ ਸਮਝ ਕਿ ਮੈਂ ਤੇਰਾ ਪੁੱਤਰ ਨਹੀਂ ਤੇ ਤੂੰ ਮੇਰੀ ਮਾਂ ਨਹੀਂ।

**ਨ ਹਉ ਤੇਰਾ ਪੂੰਗੜਾ ਨ ਤੂ ਮੇਰੀ ਮਾਇ॥ ਪਿੰਡੁ ਪੜੈ ਤਉ ਹਰਿ ਗੁਨ ਗਾਇ॥੭॥**

(ਪੰਨਾ : ੧੧੬੫)

ਮਾਂ ਅਲਾਹ, ਰਾਮ, ਰਹੀਮ ਸਭ ਮੇਰੇ ਇਕੋ ਪ੍ਰਮਾਤਮਾ ਦੇ ਨਾਮ ਹਨ। ਮੈਂ ਆਪਣੀ ਮੌਜ ਵਿੱਚ ਉਸ ਨੂੰ ਕਦੀ ਅਲਾਹ, ਕਦੀ ਰਾਮ ਤੇ ਕਦੀ ਰਹੀਮ ਕਹਿ ਕੇ ਯਾਦ ਕਰ ਲੈਂਦਾ ਹਾਂ। ਪਰ ਬਾਦਸ਼ਾਹ ਦੇ ਡਰ ਵਿਚ ਮੈਂ ਉਸ ਨੂੰ ਬਾਦਸ਼ਾਹ ਦੇ ਮਨਪਸੰਦ ਨਾਂ ਨਾਲ ਪੁਕਾਰ ਕੇ ਝੂਠੀ ਖ਼ੁਸ਼ਾਮਦ ਨਹੀਂ ਕਰਾਂਗਾ। ਇਹ ਸੁਣ ਬਾਦਸ਼ਾਹ ਨੇ ਨਾਮਦੇਵ ਨੂੰ ਹਾਥੀ ਹੇਠ ਲਿਤਾੜਨ ਦੇ ਹੁਕਮ ਦੇ ਦਿੱਤੇ। ਨਾਮਦੇਵ ਜੀ ਰਾਮ ਦੇ ਨਾਮ ਵਿੱਚ ਲੀਨ ਰਹੇ।

**ਕਰੈ ਗਜਿੰਦੁ ਸੁੰਡ ਕੀ ਚੋਟ॥ ਨਾਮਾ ਉਬਰੈ ਹਰਿ ਕੀ ਓਟ॥੮॥** (ਪੰਨਾ : ੧੧੬੫)

ਭਗਤ ਜੀ ਦੇ ਰੱਬੀ ਪਿਆਰ ਵਿੱਚ ਅਕਾਲ ਪੁਰਖ ਨੇ ਆਖਿਰ ਆਪ ਪ੍ਰਤੱਖ ਹੋ ਕੇ ਆਖਿਆ, ਹੇ ਨਾਮਦੇਵ

**ਅਪਨੇ ਭਗਤ ਪਰਿ ਕੀ ਪ੍ਰਤਿਪਾਲ॥ ਗਰੁੜ ਚੜ੍ਹੇ ਆਏ ਗੋਪਾਲ ॥ ੧੬॥**
**ਕਹਹਿ ਤ ਧਰਣਿ ਇਕੋਡੀ ਕਰਉ॥ ਕਹਹਿ ਤ ਲੇਕਰਿ ਊਪਰਿ ਧਰਉ॥੧੭॥**
**ਕਹਹਿ ਤ ਮੁਈ ਗਊ ਦੇਉ ਜੀਆਇ॥ ਸਭੁ ਕੋਈ ਦੇਖੈ ਪਤੀਆਇ॥੧੮॥**

(ਪੰਨਾ : ੧੧੬੬)

ਭਗਤ ਜੀ ਦੇ ਰੱਬੀ ਪਿਆਰ ਵਿੱਚ ਇਹ ਕੌਤਕ ਵਾਪਰਿਆ ਕਿ ਅਕਾਲ ਪੁਰਖ ਨੇ ਆਪ ਗਾਂ ਜਿਊਂਦੀ ਕਰ ਦਿੱਤੀ ਤੇ ਬਾਦਸ਼ਾਹ ਨੂੰ ਸ਼ਰਮਿੰਦਾ ਹੋ ਕੇ ਭਗਤ ਜੀ ਦੇ ਚਰਨੀਂ ਪੈਣਾ ਪਿਆ।

ਭਗਤ ਜੀ ਦੀ ਰਾਮ ਭਗਤੀ ਕਾਰਨ ਆਖਿਰ ਰਾਜੇ ਨੂੰ ਝੁਕਣਾ ਪਿਆ। ਇਹ ਸਾਖੀ ਜੰਗਲ ਦੀ ਅੱਗ ਵਾਂਗ ਫੈਲ ਗਈ। ਬ੍ਰਾਹਮਣ ਤਾਂ ਸੋਚਦੇ ਸਨ ਹੁਣ ਨਾਮਦੇਵ ਮਾਰਿਆ ਜਾਵੇਗਾ ਤੇ ਉਹਨਾਂ ਦਾ ਰਾਹ ਪੱਧਰਾ ਹੋ ਜਾਵੇਗਾ, ਪਰ ਹੋਇਆ ਉਲਟ। ਹੁਣ ਬ੍ਰਾਹਮਣਾਂ ਨੇ ਆਪਣਾ ਪੈਂਤੜਾ ਬਦਲਿਆ ਅਤੇ ਨਾਮਦੇਵ ਜੀ ਦੀ ਬਾਣੀ ਵਿੱਚ ਆਏ 'ਰਾਮ' ਨੂੰ ਦਸ਼ਰਥ ਪੁੱਤਰ ਰਾਜਾ ਰਾਮ ਦੀ ਹੀ ਉਪਮਾ ਕਹਿ ਕੇ ਲੋਕਾਂ ਨੂੰ ਰਾਜਾ ਰਾਮ ਦੀ ਮੂਰਤੀ ਪੂਜਾ ਮਗਰ ਲਾਉਣ ਲਗ ਪਏ। ਇਸ ਝੂਠੇ ਪ੍ਰਚਾਰ ਵਿੱਚ ਉਹ ਇਤਨਾ ਸਫ਼ਲ ਹੋ ਗਏ ਕਿ ਅੱਜ ਭਗਤ ਨਾਮਦੇਵ ਜੀ ਦੀ ਯਾਦਗਾਰ ਪਿੰਡ ਘੁਮਾਣ (ਜ਼ਿਲ੍ਹਾ ਗੁਰਦਾਸਪੁਰ) ਵਿਖੇ ਰਾਮ-ਸੀਤਾ, ਕ੍ਰਿਸ਼ਨ ਅਤੇ ਗਾਂ ਦੀ ਮੂਰਤੀ ਸਥਾਪਿਤ ਹੈ। ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਵੀ ਹੈ ਪਰ ਰਾਮ-ਸੀਤਾ ਦੀ ਉਪਾਸਨਾ ਲਈ ਟਲ ਵੀ ਖੜਕਾਏ ਜਾਂਦੇ ਹਨ। ਇਸ ਮਨਮਤਿ ਪ੍ਰਤੀ ਸੰਗਤਾਂ ਨੂੰ ਸੁਚੇਤ ਕਰਨਾ ਅਤਿ ਲੋੜੀਂਦਾ ਹੈ। ਦਸ਼ਰਥ ਪੁੱਤਰ ਰਾਜਾ ਰਾਮ ਰਾਮ ਤੇ ਪੰਡਿਤਾਂ ਦੇ ਹੋਰ ਦੇਵੀ ਦੇਵਤਿਆਂ ਸਬੰਧੀ ਤਾਂ ਨਾਮਦੇਵ ਜੀ ਨੇ ਆਪਣੇ ਵਿਚਾਰ ਰਾਗ ਬਿਲਾਵਲ ਗੌਂਡ ਵਿੱਚ ਅੰਕ ੮੭੪ ਤੇ ਇੰਝ ਦਰਜ ਕੀਤੇ ਹਨ।

**ਆਜੁ ਨਾਮੇ ਬੀਠਲੁ ਦੇਖਿਆ ਮੂਰਖ ਕੋ ਸਮਝਾਊ ਰੇ॥ ਰਹਾਉ॥**
**ਪਾਂਡੇ ਤੁਮਰੀ ਗਾਇਤ੍ਰੀ ਲੋਧੇ ਕਾ ਖੇਤੁ ਖਾਤੀ ਥੀ॥**
**ਲੈ ਕਰਿ ਠੇਗਾ ਟਗਰੀ ਤੋਰੀ ਲਾਂਗਤ ਲਾਂਗਤ ਜਾਤੀ ਥੀ॥੧॥**
**ਪਾਂਡੇ ਤੁਮਰਾ ਮਹਾਦੇਉ ਧਉਲੇ**
**ਬਲਦ ਚੜਿਆ ਆਵਤੁ ਦੇਖਿਆ ਥਾ॥**
**ਮੋਦੀ ਕੇ ਘਰ ਖਾਣਾ ਪਾਕਾ**
**ਵਾ ਕਾ ਲੜਕਾ ਮਾਰਿਆ ਥਾ॥੨॥**
**ਪਾਂਡੇ ਤੁਮਰਾ ਰਾਮਚੰਦੁ**
**ਸੋ ਭੀ ਆਵਤੁ ਦੇਖਿਆ ਥਾ॥**
**ਰਾਵਨ ਸੇਤੀ ਸਰਬਰ ਹੋਈ**
**ਘਰ ਕੀ ਜੋਇ ਗਵਾਈ ਥੀ॥੩॥**

(ਪੰਨਾ : ੮੭੪)

ਹੇ ਮੂਰਖ ਪੰਡਤ, ਆ ਮੈਂ ਤੈਨੂੰ ਸਮਝਾਵਾਂ ਕਿ ਤੈਨੂੰ ਰੱਬ ਦੇ ਦਰਸ਼ਨ ਕਿਉਂ ਨਹੀਂ ਹੁੰਦੇ। ਅੱਗੇ ਦੱਸਦੇ ਹਨ ਹੇ ਮੂਰਖ ਪੰਡਤ, ਜਿਹੜੀ ਗਾਇਤਰੀ, ਮਹਾਦੇਉ (ਸ਼ਿਵ ਜੀ) ਰਾਜਾ ਰਾਮਚੰਦ ਦੀ ਪੂਜਾ ਵਿੱਚ ਤੂੰ ਫਸਿਆ ਹੋਇਆ ਹੈਂ। ਉਹ ਤਾਂ ਵਿਚਾਰੇ ਆਪ ਭਟਕਦੇ ਰਹੇ। ਰਾਜਾ ਰਾਮ ਚੰਦਰ ਜਿਸ ਦੀ ਰਾਵਣ ਨਾਲ ਸੀਤਾ ਪਿਛੇ ਲੜਾਈ ਹੋਈ ਸੀ। ਮੈਂ ਉਹ ਭੀ ਦੇਖਿਆ ਹੈ (ਜਿਸ ਸਬੰਧੀ ਰਮਾਇਣ ਆਖਦੀ ਹੈ, ਉਸ ਨੇ ਬਾਲੀ ਨੂੰ ਛਿਪ ਕੇ ਮਾਰਿਆ, ਰਾਖਸ਼ਣੀ ਨੂੰ ਮਾਰਿਆ, ਸੀਤਾ ਜੀ ਨੂੰ ਘਰੋਂ ਕੱਢ ਦਿੱਤਾ ਇਤਿਆਦਿਕ)। ਅਖੀਰ ਆਪਣਾ ਫੈਸਲਾ ਦੱਸਦੇ ਹਨ, ਮੈਂ ਤਾਂ ਉਸ ਰਾਮ, ਅੱਲਾਹ ਦੀ ਪੂਜਾ ਕਰਦਾ ਹਾਂ ਜਿਹੜਾ ਇਨ੍ਹਾਂ ਰਾਜਿਆਂ, ਦੇਵਤਿਆਂ ਦੀ ਤਰ੍ਹਾਂ ਭਟਕਦਾ ਨਹੀਂ । ਨਾ ਹੀ ਮੰਦਿਰਾਂ ਦੀਆਂ ਮੂਰਤੀਆਂ ਵਿੱਚ ਬੈਠਾ ਹੈ, ਉਹ ਤਾਂ ਸਭ ਥਾਈਂ ਵਿਆਪਕ ਹੈ।

**ਹਿੰਦੂ ਅੰਨ੍ਾ ਤੁਰਕੂ ਕਾਣਾ॥**
**ਦੁਹਾਂ ਤੇ ਗਿਆਨੀ ਸਿਆਣਾ॥**
**ਹਿੰਦੂ ਪੂਜੈ ਦੇਹੁਰਾ ਮੁਸਲਮਾਣੂ ਮਸੀਤਿ॥**
**ਨਾਮੇ ਸੋਈ ਸੇਵਿਆ**
**ਜਹ ਦੇਹੁਰਾ ਨ ਮਸੀਤਿ॥੪॥੩॥੭॥**

(ਪੰਨਾ : ੮੭੪)

ਭਗਤ ਨਾਮਦੇਵ ਜੀ ਦਾ ਰਾਮ ਤਾਂ ਸਾਰੀ ਸ੍ਰਿਸ਼ਟੀ ਵਿੱਚ ਰਮਿਆ ਹੋਇਆ ਹੈ। ਉਹ ਮਾਂ ਦੀ ਕੁਖ ਵਿੱਚੋਂ ਜਨਮ ਨਹੀਂ ਲੈਂਦਾ ਤੇ ਨਾ ਹੀ ਮਰਦਾ ਹੈ, ਉਹ ਤਾਂ ਸਮੁੱਚੇ ਬ੍ਰਹਿਮੰਡ ਦੇ ਜਰੇ-ਜਰੇ ਵਿੱਚ ਵਿਆਪਕ ਹੈ। ਜਿਸ ਸਬੰਧੀ ਨਾਮਦੇਵ ਜੀ ਰਾਗ ਮਾਲੀ ਗਉੜੀ ਪੰਨਾ ੯੮੮ 'ਤੇ ਇੰਝ ਸਪੱਸ਼ਟ ਕਰਦੇ ਹਨ :-

**ਸਭੈ ਘਟ ਰਾਮੁ ਬੋਲੈ ਰਾਮਾ ਬੋਲੈ॥**
**ਰਾਮ ਬਿਨਾ ਕੋ ਬੋਲੈ ਰੇ॥**

(ਪੰਨਾ : ੯੮੮)

ਮੇਰੇ ਰਾਮ ਰਾਇ ਜਿਉ ਰਾਖਹਿ ਤਿਉ ਰਹੀਐ॥ (ਪੰਨਾ ੭੪੯)